ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509

**ਗ਼ਜ਼ਲ**- ਐੱਮ. ਮੁਸਤਫ਼ਾ ਰਾਜ (Page 202 to 204)



ਐੱਮ. ਮੁਸਤਫ਼ਾ ਰਾਜ
+92 311 19-37817

1.

ਦੁੱਖ ਦੇ ਫਲ੍ਹਿਆਂ ਗਾਹਿਆ ਸਾਨੂੰ
ਤੂੜੀ ਵਾਂਙ ਉਡਾਇਆ ਸਾਨੂੰ

ਦੋਜ਼ਖ਼ ਨਾਲੋਂ ਘੱਟ ਨਹੀਂ ਦੁਨੀਆ
ਥੋੜਾਂ ਨਾਲ਼ ਲੜਾਇਆ ਸਾਨੂੰ

ਰੀਝਾਂ ਨੂੰ ਹੁਣ ਮੁੱਢੋਂ ਵੱਢਣਾ
ਜਿਨ੍ਹਾਂ ਫਾਹੇ ਲਾਇਆ ਸਾਨੂੰ

ਤੇਰੇ ਬੰਦਿਆਂ ਤੇਰੀ ਕਸਮੇਂ
ਡੋਰਾਂ ਵਾਂਗਰ ਵਾਹਿਆ ਸਾਨੂੰ

ਤੇਰੇ ਕੋਲੋਂ ਵੱਖਰੇ ਹੋ ਕੇ
ਜੀਵਣ ਢੰਗ ਨਹੀਂ ਆਇਆ ਸਾਨੂੰ

ਤੈਨੂੰ ਇਸ਼ਕਾ ਸ਼ਰਮ ਨਹੀਂ ਆਉਂਦੀ
ਗਧੀਆਂ ਗੇੜ 'ਚ ਪਾਇਆ ਸਾਨੂੰ

ਕਿਵੇਂ ਇੱਕ ਮੁੱਠ ਵਸਦੇ ਰਹੇ ਓ
ਗੱਲ ਸੁਣਾ ਕੋਈ ਤਾਇਆ ਸਾਨੂੰ

ਪੈਰ ਹੱਥ ਚੁੰਮਾਂ ਉਹਦੇ ਜਿਹਨੇ
ਮੰਜ਼ਿਲ ਤੀਕ ਪਹੁੰਚਾਇਆ ਸਾਨੂੰ

ਰਾਜ ਭਰਾ ਤੂੰ ਭੋਏਂ 'ਤੇ ਸੁੱਟ ਦੇ
ਸਿਰ 'ਤੇ ਜਿਹੜਾ ਚਾਇਆ ਸਾਨੂੰ

2.

ਹਾਕਮ ਦੇ ਭਰਵਾਸੇ ਰਹਿ ਗਏ
ਤਾਹੀਓਂ ਖ਼ਾਲੀ ਕਾਸੇ ਰਹਿ ਗਏ

ਖਾਸਾਂ ਦੇ ਨੇ ਗੁੜ ਵਿੱਚ ਰੰਬੇ
ਆਮਾਂ ਕਾਣ ਦਿਲਾਸੇ ਰਹਿ ਗਏ

ਉਹਦੀਆਂ ਰੱਤੀਆਂ ਬਣੀਆਂ ਤੋਲ਼ੇ
ਸਾਡੇ ਤੋਲ਼ੇ ਮਾਸ਼ੇ ਰਹਿ ਗਏ

ਅੰਦਰੋਂ ਟੁੱਟੇ ਭੱਜੇ ਪਏ ਆਂ
ਬਾਹਰੋਂ ਕੂੜੇ ਹਾਸੇ ਰਹਿ ਗਏ

ਇਸ਼ਕ ਹਕੀਕੀ ਔਖਾ ਪੈਂਡਾ
ਇਥੇ ਅੱਛੇ ਖ਼ਾਸੇ ਰਹਿ ਗਏ

ਜਿਹੜੇ ਸਾਕੀ ਕੌਸਰ ਦੇ ਨੇਂ
ਕਰਬਲ ਵਿੱਚ ਪਿਆਸੇ ਰਹਿ ਗਏ

ਸੱਦਣ ਵਾਲੇ , ਕਰਬਲ ਵੇਲ਼ੇ
ਕੂਫ਼ੀ ਕਿਹੜੇ ਪਾਸੇ ਰਹਿ ਗਏ

**3.**

ਜਦ ਰਿਹਾ ਨੀਂ ਅਤਬਾਰ ਸੱਜਣ
ਫਿਰ ਤੂੰ ਕਾਹਦਾ ਯਾਰ ਸੱਜਣ

ਗ਼ੈਰ ਦੇ ਗਲ਼ ਵਿੱਚ ਪਾ ਕੇ ਬਾਂਹਾਂ
ਥਾਂ 'ਤੇ ਦਿੱਤੈ ਮਾਰ ਸੱਜਣ

ਸੋਚਾਂ ਦੇ ਮੁਕਲਾਵੇ ਨੇ
ਕਰ ਛਡਿਆ ਬੀਮਾਰ ਸੱਜਣ

ਤੇਰੇ ਕੱਖ ਮੈਂ ਰੱਖਣ ਲਈ
ਜਿੱਤ ਕੇ ਮੰਨੀ ਹਾਰ ਸੱਜਣ

ਜਿੰਦ ਵੀ ਮੇਰੀ ਹਾਜ਼ਿਰ ਏ
ਦਿਲ ਤੇ ਦਿੱਤੈ ਵਾਰ ਸੱਜਣ

ਇਸ਼ਕ ਸਮੁੰਦਰ ਠਿਲ੍ਹ ਪਏ ਆਂ
ਡੋਬ, ਤੇ ਭਾਵੇਂ ਤਾਰ ਸੱਜਣ

ਸੱਜਣ ਰਾਜ ਵਧਾਉਂਦੇ ਨੇ
ਖੁਦ ਸਜਣਾਂ ਦੇ ਭਾਰ ਸੱਜਣ